Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਰਮਜ਼ਾਨੁਲ ਮੁਬਾਰਕ ਦੇ ਅੰਤ ਦੇ ਹਵਾਲੇ ਨਾਲ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਇਰਸ਼ਾਦਾਂ ਦੀ ਰੋਸ਼ਨੀ ਵਿੱਚ ਜਮਾਅਤ ਨੂੰ ਸੁਨਹਿਰੀ ਨਸੀਹਤਾਂ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 28 ਮਾਰਚ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅੱਲਾਹ ਤਆਲਾ ਨੇ ਸਾਨੂੰ ਤੌਫ਼ੀਕ਼ ਦਿੱਤੀ ਹੈ ਕਿ ਅਸੀਂ ਇਸ ਰਮਜ਼ਾਨ ਵਿੱਚੋਂ ਲੰਘੇ। ਅੱਲਾਹ ਤਆਲਾ ਦਾ ਇਹ ਇਹਸਾਨ ਹੈ ਕਿ ਉਸਨੇ ਸਾਡੇ ਵਿੱਚੋਂ ਬਹੁਤੇ ਲੋਕਾਂ ਨੂੰ ਰੋਜ਼ੇ ਰੱਖਣ ਅਤੇ ਇਬਾਦਤ ਕਰਨ ਦੀ ਤੌਫ਼ੀਕ਼ ਦਿੱਤੀ। ਪਰ ਇਸ ਦੇ ਨਾਲ ਹੀ ਸਾਨੂੰ ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਸਿਰਫ਼ ਰਮਜ਼ਾਨ ਦੇ ਰੋਜ਼ੇ ਰੱਖਣੇ ਅਤੇ ਇਬਾਦਤ ਨਾਲ ਸਾਡਾ ਮਕ਼ਸਦ ਪੂਰਾ ਨਹੀਂ ਹੋ ਗਿਆ ਬਲਕਿ ਅੱਲਾਹ ਤਆਲਾ ਨੇ ਸਾਨੂੰ ਇਹ ਹਿਦਾਇਤ ਦਿੱਤੀ ਹੈ ਕਿ ਤੁਸੀਂ ਹਮੇਸ਼ਾ ਮੇਰੀ ਇਬਾਦਤ ਕਰਨੀ ਹੈ। ਬਸ ਜਿਹਨਾਂ ਲੋਕਾਂ ਨੂੰ ਇਸ ਰਮਜ਼ਾਨ ਵਿੱਚ ਇਬਾਦਤ ਦੀ ਤੌਫ਼ੀਕ਼ ਮਿਲੀ ਹੈ ਉਹਨਾਂ ਦਾ ਹੁਣ ਇਹ ਫ਼ਰਜ਼ ਹੈ ਕਿ ਉਹਨਾਂ ਨੇਕੀਆਂ ਨੂੰ ਜਾਰੀ ਰੱਖਣ, ਇਸ ਦੇ ਲਈ ਦੁਆ ਵੀ ਕਰਨ ਅਤੇ ਕੋਸ਼ਿਸ਼ ਵੀ।

ਜਿਸ ਤਰ੍ਹਾਂ ਰਮਜ਼ਾਨ ਅਹਿਮ ਹੈ, ਇਸੇ ਤਰ੍ਹਾਂ ਹਰ ਨਮਾਜ਼ ਅਤੇ ਜੁਮਆ ਅਹਿਮ ਹੈ। ਇਹ ਨਹੀਂ ਕਿ ਰਮਜ਼ਾਨ ਦਾ ਆਖ਼ਰੀ ਜੁਮਆ ਹੈ ਤਾਂ ਬਰਕਤ ਵਾਲਾ ਹੈ, ਅਜਿਹਾ ਨਹੀਂ ਹੈ! ਹਰ ਜੁਮਆ ਅਹਿਮ ਅਤੇ ਬਰਕਤ ਵਾਲਾ ਹੈ। ਇਸ ਜ਼ਮਾਨੇ ਵਿੱਚ ਅੱਲਾਹ ਤਆਲਾ ਨੇ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਭੇਜਿਆ ਅਤੇ ਸਾਨੂੰ ਉਹਨਾਂ ਨੂੰ ਮੰਨਣ ਦੀ ਤੌਫ਼ੀਕ਼ ਮਿਲੀ, ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਸਾਨੂੰ ਸਮਝਾਇਆ ਕਿ ਕਿਸ ਤਰ੍ਹਾਂ ਅਸੀਂ ਇੱਕ ਚੰਗੇ ਮੋਮਿਨ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇੱਕ ਚੰਗੇ ਉੱਮਤੀ ਬਣ ਸਕਦੇ ਹਾਂ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਇੱਕ ਮੌਕ਼ੇ ਤੇ ਫ਼ਰਮਾਇਆ ਕਿ ਮੈਂ ਬਾਰ-ਬਾਰ ਆਪਣੀ ਜਮਾਅਤ ਨੂੰ ਕਿਹਾ ਹੈ ਕਿ ਤੁਸੀਂ ਮੇਰੀ ਇਸ ਬੈਅਤ 'ਤੇ ਹੀ ਭਰੋਸਾ ਨਾ ਕਰੋ, ਇਸ ਦੀ ਹਕ਼ੀਕ਼ਤ ਤੱਕ ਜਦ ਤੱਕ ਨਾ ਪਹੁੰਚੋਗੇ ਤਦ ਤੱਕ ਨਿਜਾਤ ਨਹੀਂ। ਜੇਕਰ ਮੁਰੀਦ ਖ਼ੁਦ ਆਮਿਲ ਨਹੀਂ ਤਾਂ ਪੀਰ ਦੀ ਬਜ਼ੁਰਗੀ ਉਸਨੂੰ ਕੁੱਝ ਫ਼ਾਇਦਾ ਨਹੀਂ ਦਿੰਦੀ। ਫ਼ਰਮਾਇਆ, ਮੈਂ ਇੱਕ ਕਿਤਾਬ ਲਿਖੀ ਹੈ "ਕਸ਼ਤਿਇ ਨੂਹ", ਇਸ ਨੂੰ ਬਾਰ-ਬਾਰ ਪੜ੍ਹੋ। ਅੱਲਾਹ ਤਆਲਾ ਤਾਂ ਫ਼ਰਮਾਉਂਦਾ ਹੈ ਕਿ ਉਹ ਆਦਮੀ ਕਾਮਯਾਬ ਹੋ ਗਿਆ ਜਿਹੜਾ ਪਾਕ ਹੋ ਗਿਆ, ਜਦ ਇਸ 'ਤੇ ਅਮਲ ਕਰੋਗੇ ਤਦ ਹੀ ਫ਼ਾਇਦਾ ਹੋਵੇਗਾ। ਹਜ਼ਾਰਾਂ ਚੋਰ, ਕੁਕਰਮੀ, ਬਦਕਾਰ, ਸ਼ਰਾਬੀ, ਬਦਮਾਸ਼ ਇਹ ਦਾਅਵਾ ਕਰਦੇ ਹਨ ਕਿ ਉਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਉੱਮਤ ਵਿੱਚੋਂ ਹਨ, ਪਰ ਕੀ ਦਰ ਹਕ਼ੀਕ਼ਤ ਉਹ ਅਜਿਹੇ ਹਨ? ਕੀ ਉਹ ਹੱਕ਼ ਰੱਖਦੇ ਹਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਉੱਮਤੀ ਕਹਾ ਸਕਣ? ਉੱਮਤੀ ਉਹੀ ਹੈ ਜਿਹੜਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸਿੱਖਿਆ ਤੇ ਪੂਰਾ ਅਮਲ ਕਰੇ।

ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਫ਼ਰਮਾਇਆ ਕਿ ਇਸ ਜਮਾਅਤ ਵਿੱਚ ਜੇਕਰ ਦਾਖ਼ਿਲ ਹੋਏ ਹੋ ਤਾਂ ਇਸ ਦੀ ਸਿੱਖਿਆ 'ਤੇ ਅਮਲ ਕਰੋ। ਜਮਾਅਤ ਵਿੱਚ ਦਾਖ਼ਿਲ ਹੋਣ ਦੇ ਬਾਅਦ ਤਕਲੀਫ਼ਾਂ ਵੀ ਪਹੁੰਚਦੀਆਂ ਹਨ। ਜੇਕਰ ਤਕਲੀਫ਼ਾਂ

ਨਾ ਪਹੁੰਚਣ ਤਾਂ ਸਵਾਬ ਕਿਵੇਂ ਹੋਵੇਗਾ? ਪੈਗ਼ੰਬਰਿ ਖ਼ੁਦਾ ਨੇ ਮੱਕੇ ਵਿੱਚ ਤੇਰਾਂ ਸਾਲ ਤੱਕ ਦੁੱਖ ਉਠਾਏ ਅਤੇ ਤੁਹਾਨੂੰ ਤਾਂ ਪਤਾ ਹੀ ਨਹੀਂ ਕਿ ਉਸ ਜ਼ਮਾਨੇ ਦੀਆਂ ਤਕਲੀਫ਼ਾਂ ਕੀ ਸਨ। ਬਸ ਹਮੇਸ਼ਾ ਯਾਦ ਰੱਖੋ ਕਿ ਤਕਲੀਫ਼ਾਂ ਤਾਂ ਪਹੁੰਚਦੀਆਂ ਹੀ ਹਨ ਪਰ ਜਦ ਇਹ ਤਕਲੀਫ਼ਾਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਅਤੇ ਸਹਾਬਾ ਨੂੰ ਪਹੁੰਚ ਰਹੀਆਂ ਸਨ, ਉਸ ਵੇਲੇ ਵੀ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਬਰ ਦੀ ਸਿੱਖਿਆ ਦਿੱਤੀ। ਉਸਦਾ ਨਤੀਜਾ ਕੀ ਨਿਕਲਿਆ? ਉਸਦਾ ਨਤੀਜਾ ਇਹੀ ਨਿਕਲਿਆ ਕਿ ਆਖ਼ਿਰ ਦੁਸ਼ਮਣ ਫ਼ਨਾ ਹੋ ਗਿਆ। ਤੁਸੀਂ ਦੇਖੋਗੇ ਕਿ ਇਹ ਜਿਹੜੇ ਬੁਰੇ ਲੋਕ ਹਨ, ਇਹ ਉਸ ਵੇਲੇ ਨਜ਼ਰ ਨਹੀਂ ਆਉਣਗੇ। ਅੱਲਾਹ ਤਆਲਾ ਨੇ ਇਰਾਦਾ ਕਰ ਲਿਆ ਹੈ ਕਿ ਉਹ ਇਸ ਜਮਾਅਤ ਨੂੰ ਦੁਨਿਆ ਵਿੱਚ ਫੈਲਾਏਗਾ, ਇਹ ਲੋਕ ਤੁਹਾਨੂੰ ਥੋੜੇ ਦੇਖ ਕੇ ਦੁੱਖ ਦਿੰਦੇ ਹਨ ਪਰ ਜਦ ਜਮਾਅਤ ਫੈਲ ਜਾਵੇਗੀ ਤਾਂ ਇਹ ਆਪ ਹੀ ਚੁੱਪ ਹੋ ਜਾਣਗੇ। ਇਹੀ ਦੁਨਿਆ ਵਿੱਚ ਅਸੂਲ ਰਿਹਾ ਹੈ ਅਤੇ ਇਹੀ ਅਸੀਂ ਨਬੀਆਂ ਦੀ ਜਮਾਅਤ ਦੀ ਤਾਰੀਖ਼ ਦੇਖੀ ਹੈ।

ਹਜ਼ੂਰ ਨੇ ਫ਼ਰਮਾਇਆ ਕਿ ਸਬਰ ਵੀ ਇੱਕ ਇਬਾਦਤ ਹੈ। ਸਾਡੀ ਜਮਾਅਤ ਖ਼ੁਦਾ ਦੀ ਹਿਮਾਇਤ ਵਿੱਚ ਹੈ ਅਤੇ ਦੁੱਖ ਉਠਾਉਣ ਨਾਲ ਇਮਾਨ ਮਜ਼ਬੂਤ ਹੋ ਜਾਂਦਾ ਹੈ, ਸਬਰ ਵਰਗੀ ਕੋਈ ਚੀਜ਼ ਨਹੀਂ ਹੈ। ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਤਕ਼ਵਾ ਦੇ ਬਾਰੇ ਨਸੀਹਤ ਕਰਦੇ ਹੋਏ ਫ਼ਰਮਾਇਆ ਕਿ ਇਹ ਤਾਂ ਇਤਿਹਾਸ ਦੱਸਦਾ ਹੈ ਕਿ ਸ਼ੁਰੂਆਤ ਵਿੱਚ ਜਿਹੜਾ ਸੱਚਾ ਮੁਸਲਮਾਨ ਹੁੰਦਾ ਹੈ ਉਸਨੂੰ ਸਬਰ ਕਰਨਾ ਪੈਂਦਾ ਹੈ, ਸਹਾਬਾ ‘ਤੇ ਵੀ ਅਜਿਹਾ ਜ਼ਮਾਨਾ ਆਇਆ, ਜਦ ਇਨਸਾਨ ਤਕ਼ਵਾ ਇਖ਼ਤਿਆਰ ਕਰਦਾ ਹੈ ਤਾਂ ਅੱਲਾਹ ਤਆਲਾ ਉਸਦੇ ਲਈ ਬੂਹੇ ਖੋਲ੍ਹ ਦਿੰਦਾ ਹੈ। ਫਿਰ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਬੰਦਿਆਂ ਦੇ ਹੱਕਾਂ ਦੇ ਬਾਰੇ ਫ਼ਰਮਾਇਆ ਕਿ ਆਪਸ ਵਿੱਚ ਮਿਲ ਜੁਲ ਕੇ ਬੈਠੋ, ਜਿੰਨਾ ਤੁਸੀਂ ਆਪਸ ਵਿੱਚ ਇੱਕ ਦੂਸਰੇ ਨਾਲ ਮੁਹੱਬਤ ਕਰੋਗੇ ਉਂਨਾ ਹੀ ਅੱਲਾਹ ਤਆਲਾ ਤੁਹਾਡੇ ਨਾਲ ਮੁਹੱਬਤ ਕਰੇਗਾ। ਇੱਕ ਜਗ੍ਹਾ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਨਸੀਹਤ ਕਰਦੇ ਹੋਏ ਫ਼ਰਮਾਇਆ ਕਿ ਸਾਡੀ ਜਮਾਅਤ ਦੇ ਲਈ ਜ਼ਰੂਰੀ ਹੈ ਕਿ ਇਸ ਗ਼ਮਗੀਨ ਜ਼ਮਾਨੇ ਵਿੱਚ ਜਦ ਕਿ ਹਰ ਪਾਸੇ ਗੁਮਰਾਹੀ ਅਤੇ ਅਣਗਿਹਲੀ ਦੀ ਹਵਾ ਚੱਲ ਰਹੀ ਹੈ, ਤਕ਼ਵਾ ਇਖ਼ਤਿਆਰ ਕਰਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ ਦੇ ਦੌਰ ਵਿੱਚ ਕਿਹੜਾ ਮਾਧਿਅਮ ਹੈ ਜਿਹੜਾ ਬੁਰਾਈ ਵੱਲ ਲੈ ਜਾਣ ਦੇ ਲਈ ਵਰਤਿਆ ਨਹੀਂ ਜਾ ਰਿਹਾ, ਅਜਿਹੇ ਦੌਰ ਵਿੱਚ ਸਾਡਾ ਫ਼ਰਜ਼ ਹੈ ਕਿ ਅਸੀਂ ਇਹਨਾਂ ਗੁਨਾਹਾਂ ਦੀ ਰਾਹ ਤੋਂ ਬਚਣ ਦੀ ਕੋਸ਼ਿਸ਼ ਕਰੀਏ। ਫ਼ਰਮਾਇਆ ਕਿ ਤਕ਼ਵਾ ਅਜਿਹੀ ਚੀਜ਼ ਨਹੀਂ ਜਿਹੜੀ ਸਿਰਫ਼ ਮੂੰਹ ਨਾਲ ਹਾਸਿਲ ਹੋ ਜਾਵੇ, ਬਲਕਿ ਸ਼ੈਤਾਨ ਭਟਕਾਉਂਦਾ ਹੈ ਅਤੇ ਤਕ਼ਵਾ ਕਰਨ ਵਾਲਿਆਂ ਨੂੰ ਵੀ ਪਤਾ ਹੁੰਦਾ ਹੈ। ਇਸੇ ਨਾਲ ਇਨਸਾਨ ਦੀ ਕਮਜ਼ੋਰੀ ਪਤਾ ਲੱਗਦੀ ਹੈ। ਬਸ ਤਕ਼ਵਾ ‘ਤੇ ਚੱਲਣ ਵਾਲਿਆਂ ਨੂੰ ਬਹੁਤ ਫੂਕ ਫੂਕ ਕੇ ਕ਼ਦਮ ਚੁੱਕਣਾ ਪੈਂਦਾ ਹੈ, ਇਹ ਉਸੇ ਵੇਲੇ ਹੋ ਸਕਦਾ ਹੈ ਜਦ ਇਨਸਾਨ ਨੂੰ ਯਕ਼ੀਨ ਹੋਵੇ ਕਿ ਸਭ ਤਾਕ਼ਤਾਂ ਦਾ ਸ੍ਰੋਤ ਖ਼ੁਦਾ ਤਆਲਾ ਦੀ ਜ਼ਾਤ ਹੈ। ਫ਼ਰਮਾਇਆ ਕਿ ਮੁੱਤਕ਼ੀ ਬਣਨ ਦੇ ਲਈ ਜ਼ਰੂਰੀ ਹੈ ਕਿ ਮੋਟੀਆਂ ਗੱਲਾਂ ਦੇ ਬਾਅਦ ਜਿਵੇਂ ਕਿ ਜ਼ਿਨਾ, ਚੋਰੀ, ਹੱਕ਼ ਮਾਰਨਾ, ਦਿਖਾਵਾ, ਹਉਮੈ, ਹੀਣਤਾ, ਕੰਜੂਸੀ ਦੇ ਛੱਡਣ ਵਿੱਚ ਪੱਕਾ ਹੋਵੇ, ਬੁਰੇ ਅਖ਼ਲਾਕ਼ ਤੋਂ ਪਰਹੇਜ਼ ਕਰਕੇ ਉਹਨਾਂ ਦੇ ਮੁਕ਼ਾਬਲੇ ਚੰਗੇ ਅਖ਼ਲਾਕ਼ ਵਿੱਚ ਤਰੱਕ਼ੀ ਕਰੇ। ਪਰ ਸਿਰਫ਼ ਇੰਨਾ ਕਾਫ਼ੀ ਨਹੀਂ ਬਲਕਿ ਜ਼ਰੂਰੀ ਹੈ ਕਿ ਉਸ ਦੇ ਮੁਕ਼ਾਬਲੇ ਵਿੱਚ ਚੰਗੇ ਅਖ਼ਲਾਕ਼ ਪੈਦਾ ਹੋਣ ਤਾਂ ਫਿਰ ਅਸਲ ਤਕ਼ਵਾ ਹੈ।

ਨੇਕੀਆਂ ਵਿੱਚ ਅੱਗੇ ਵਧਣ ਦੇ ਲਈ ਜਿਹੜੀਆਂ ਦੂਜੀਆਂ ਚੀਜ਼ਾਂ ਜ਼ਰੂਰੀ ਹਨ ਉਹਨਾਂ ਵਿੱਚ ਲੋਕਾਂ ਦੇ ਨਾਲ ਮੁਹੱਬਤ ਨਾਲ ਪੇਸ਼ ਆਉਣਾ, ਖਿੜੇ ਮੱਥੇ ਮਿਲਣਾ, ਹਮਦਰਦੀ ਕਰਨਾ, ਫਿਰ ਖ਼ੁਦਾ ਤਆਲਾ ਦੇ ਨਾਲ ਸੱਚੀ ਵਫ਼ਾ ਅਤੇ ਸਿਦਕ਼ ਦਿਖਾਉਣਾ, ਇਹਨਾਂ ਗੱਲਾਂ ਨਾਲ ਇਨਸਾਨ ਮੁੱਤਕ਼ੀ ਕਹਾਉਂਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਅਜਿਹੇ ਲੋਕਾਂ ਦਾ ਖ਼ੁਦਾ ਤਆਲਾ ਆਪ ਪਾਲਣਹਾਰ ਹੋ ਜਾਂਦਾ ਹੈ ਕਿਉਂਕਿ ਅੱਲਾਹ ਤਆਲਾ ਆਪ ਫ਼ਰਮਾਉਂਦਾ ਹੈ ਕਿ ਉਹਨਾਂ ਤੇ ਕੋਈ ਭੈ ਨਹੀਂ ਹੋਵੇਗਾ ਅਤੇ ਨਾ ਉਹ ਗ਼ਮਗੀਨ ਹੋਣਗੇ। ਇੱਕ ਹੋਰ ਜਗ੍ਹਾ ਫ਼ਰਮਾਇਆ ਕਿ ਉਹ ਨੇਕ ਲੋਕਾਂ ਦੀ ਹੀ ਦੇਖਭਾਲ ਕਰਨ ਵਾਲਾ ਬਣਦਾ ਹੈ। ਹਜ਼ੂਰ ਫ਼ਰਮਾਉਂਦੇ ਹਨ ਆਪਣੇ ਦਿਲਾਂ ਵਿੱਚ ਖ਼ੁਦਾ ਤਆਲਾ ਦੀ ਮੁਹੱਬਤ ਅਤੇ ਵਡਿਆਈ ਦਾ ਸਿਲਸਿਲਾ ਜਾਰੀ ਰੱਖੋ ਅਤੇ ਉਸ ਦੇ ਲਈ ਨਮਾਜ਼ ਤੋਂ ਵੱਧ ਕੇ ਹੋਰ ਕੋਈ ਚੀਜ਼ ਨਹੀਂ। ਅਸਲ ਚੀਜ਼ ਇਹੀ ਹੈ ਕਿ ਅੱਲਾਹ ਤਆਲਾ ਦੇ ਹਜ਼ੂਰ ਆਪਣੀਆਂ ਨੇਕੀਆਂ ਪੇਸ਼ ਕੀਤੀਆਂ ਜਾਣ ਅਤੇ ਉਸਦਾ ਹੱਕ਼ ਅਦਾ ਕੀਤਾ ਜਾਵੇ ਅਤੇ ਉਸ ਦੇ ਲਈ ਸਭ ਤੋਂ ਉੱਤਮ ਚੀਜ਼ ਨਮਾਜ਼ ਹੈ। ਫ਼ਰਮਾਇਆ ਕਿ ਰਮਜ਼ਾਨ ਵਿੱਚੋਂ ਅਸੀਂ ਲੰਘੇ, ਨਮਾਜ਼ਾਂ ਦੀ

ਹਾਲਤ ਵਿੱਚੋਂ ਅਸੀਂ ਲੰਘੇ, ਨੇਕੀਆਂ ਦੀ ਹਾਲਤ ਵਿੱਚੋਂ ਅਸੀਂ ਲੰਘੇ, ਹੁਣ ਉਹਨਾਂ ਨੂੰ ਰਮਜ਼ਾਨ ਦੇ ਬਾਅਦ ਜਾਰੀ ਰੱਖਣਾ, ਅੱਲਾਹ ਤਆਲਾ ਦੀ ਰਹਿਮਤ ਨੂੰ ਸੋਖਣ ਦੇ ਲਈ ਜ਼ਰੂਰੀ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਫ਼ਰਮਾਇਆ ਕਿ ਰੋਜ਼ੇ ਤਾਂ ਇੱਕ ਸਾਲ ਦੇ ਬਾਅਦ ਆਉਂਦੇ ਹਨ, ਜ਼ਕਾਤ ਮਾਲਦਾਰ ਨੂੰ ਦੇਣੀ ਪੈਂਦੀ ਹੈ, ਉਹ ਵੀ ਇੱਕ ਨੇਕੀ ਹੈ, ਪਰ ਨਮਾਜ਼ ਹੈ ਕਿ ਹਰ ਇੱਕ ਹੈਸੀਅਤ ਦੇ ਆਦਮੀ ਨੂੰ ਪੰਜ ਵੇਲੇ ਅਦਾ ਕਰਨੀ ਪੈਂਦੀ ਹੈ, ਇਸ ਨੂੰ ਹਰਗਿਜ਼ ਬਰਬਾਦ ਨਾ ਕਰੋ, ਇਸ ਨੂੰ ਬਾਰ-ਬਾਰ ਪੜ੍ਹੋ ਅਤੇ ਇਸ ਖ਼ਿਆਲ ਨਾਲ ਪੜ੍ਹੋ ਕਿ ਮੈਂ ਅਜਿਹੀ ਤਾਕ਼ਤ ਵਾਲੇ ਦੇ ਸਾਹਮਣੇ ਖੜਾ ਹਾਂ ਕਿ ਜੇਕਰ ਉਸਦਾ ਇਰਾਦਾ ਹੋਵੇ ਤਾਂ ਹੁਣੇ ਕ਼ਬੂਲ ਕਰ ਲਵੇ।

ਹਜ਼ੂਰ ਨੇ ਫ਼ਰਮਾਇਆ ਕਿ ਸਾਡੀ ਜਮਾਅਤ ਦੇ ਲਈ ਇਸ ਗੱਲ ਦੀ ਲੋੜ ਹੈ ਕਿ ਉਹਨਾਂ ਦਾ ਇਮਾਨ ਵਧੇ, ਅੱਲਾਹ ਤਆਲਾ 'ਤੇ ਸੱਚਾ ਯਕ਼ੀਨ ਅਤੇ ਗਿਆਨ ਪੈਦਾ ਹੋਵੇ, ਚੰਗੇ ਕਰਮਾਂ ਵਿੱਚ ਸੁਸਤੀ ਨਾ ਹੋਵੇ, ਕਿਉਂਕਿ ਜੇਕਰ ਸੁਸਤੀ ਹੋਵੇ ਤਾਂ ਫਿਰ ਵਜ਼ੂ ਕਰਨਾ ਵੀ ਇੱਕ ਮੁਸੀਬਤ ਲੱਗਦਾ ਹੈ ਬਜਾਏ ਇਸਦੇ ਕਿ ਉਹ ਤਹੱਜੁਦ ਪੜ੍ਹੇ। ਜੇਕਰ ਚੰਗੇ ਕਰਮਾਂ ਦੀ ਤਾਕ਼ਤ ਪੈਦਾ ਨਾ ਹੋਵੇ ਅਤੇ ਨੇਕੀਆਂ ਵਿੱਚ ਮੁਕ਼ਾਬਲੇ ਦੇ ਲਈ ਜੋਸ਼ ਨਾ ਹੋਵੇ ਤਾਂ ਸਾਡੇ ਨਾਲ ਸੰਬੰਧ ਪੈਦਾ ਕਰਨਾ ਬੇ ਫ਼ਾਇਦਾ ਹੈ। ਫ਼ਰਮਾਇਆ ਸਾਡੀ ਜਮਾਅਤ ਵਿੱਚ ਤਾਂ ਉਹੀ ਦਾਖ਼ਿਲ ਹੁੰਦਾ ਹੈ ਜਿਹੜਾ ਸਾਡੀ ਸਿੱਖਿਆ ਨੂੰ ਆਪਣਾ ਦਸਤੂਰ ਕ਼ਰਾਰ ਦਿੰਦਾ ਹੈ ਅਤੇ ਆਪਣੀ ਹਿੰਮਤ ਅਤੇ ਕੋਸ਼ਿਸ਼ ਦੇ ਮੁਤਾਬਿਕ਼ ਉਸ 'ਤੇ ਅਮਲ ਕਰਦਾ ਹੈ ਅਤੇ ਜਿਹੜਾ ਸਿਰਫ਼ ਨਾਮ ਰੱਖ ਕੇ ਸਿੱਖਿਆ ਦੇ ਮੁਤਾਬਿਕ਼ ਅਮਲ ਨਹੀਂ ਕਰਦਾ ਉਹ ਯਾਦ ਰੱਖੇ ਕਿ ਖ਼ੁਦਾ ਤਆਲਾ ਨੇ ਇਸ ਜਮਾਅਤ ਨੂੰ ਇੱਕ ਖ਼ਾਸ ਜਮਾਅਤ ਬਣਾਉਣ ਦਾ ਫ਼ੈਸਲਾ ਕੀਤਾ ਹੈ ਅਤੇ ਕੋਈ ਆਦਮੀ ਸਿਰਫ਼ ਨਾਮ ਲਿਖਵਾਉਣ ਨਾਲ ਜਮਾਅਤ ਵਿੱਚ ਨਹੀਂ ਰਹਿ ਸਕਦਾ। ਇਸ ਲਈ ਜਿੱਥੋਂ ਤੱਕ ਹੋ ਸਕੇ ਆਪਣੇ ਕਰਮਾਂ ਨੂੰ ਉਸ ਸਿੱਖਿਆ ਦੇ ਮੁਤਾਬਿਕ਼ ਕਰੋ ਜੋ ਦਿੱਤੀ ਜਾਂਦੀ ਹੈ। ਫ਼ਰਮਾਇਆ ਕਿ ਕਰਮ ਖੰਭਾਂ ਦੀ ਤਰ੍ਹਾਂ ਹੁੰਦੇ ਹਨ, ਬਗ਼ੈਰ ਕਰਮਾਂ ਦੇ ਇਨਸਾਨ ਰੂਹਾਨੀ ਦਰਜਿਆਂ ਦੇ ਲਈ ਉਡਾਨ ਨਹੀਂ ਭਰ ਸਕਦਾ। ਖ਼ੁਦਾ ਤਆਲਾ ਨਾਲ ਮੁਹੱਬਤ ਤੋਂ ਕੀ ਮੁਰਾਦ ਹੈ? ਹਜ਼ੂਰ ਫ਼ਰਮਾਉਂਦੇ ਹਨ ਕਿ ਇਸ ਤੋਂ ਇਹੀ ਮੁਰਾਦ ਹੈ ਕਿ ਆਪਣੇ ਮਾਂ ਬਾਪ ਅਤੇ ਆਪਣੀ ਪਤਨੀ ਅਤੇ ਆਪਣੀ ਔਲਾਦ ਅਤੇ ਆਪਣੇ ਆਪ ਅਤੇ ਹਰ ਚੀਜ਼ 'ਤੇ ਅੱਲਾਹ ਤਆਲਾ ਦੀ ਰਜ਼ਾ ਨੂੰ ਪਹਿਲ ਦਿੱਤੀ ਜਾਵੇ। ਇਸੇ ਲਈ ਕ਼ੁਰਆਨ ਕਰੀਮ ਵਿੱਚ ਫ਼ਰਮਾਇਆ ਕਿ ਅੱਲਾਹ ਤਆਲਾ ਨੂੰ ਅਜਿਹਾ ਯਾਦ ਕਰੋ ਜਿਵੇਂ ਕਿ ਤੁਸੀਂ ਆਪਣੇ ਪਿਓ ਦਾਦਿਆਂ ਨੂੰ ਯਾਦ ਕਰਦੇ ਹੋ ਬਲਕਿ ਉਸ ਤੋਂ ਵੀ ਜ਼ਿਆਦਾ ਅਤੇ ਸਖ਼ਤ ਦਰਜੇ ਦੀ ਮੁਹੱਬਤ ਨਾਲ ਯਾਦ ਕਰੋ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਰਮਜ਼ਾਨ ਵਿੱਚ ਜਿੱਥੇ ਅਸੀਂ ਉਚੇਰੇ ਅਖ਼ਲਾਕ਼ ਅਤੇ ਇਹ ਇਬਾਦਤਾਂ ਦੇ ਵੱਲ ਧਿਆਨ ਦਿੱਤਾ ਹੈ ਤਾਂ ਇਹ ਧਿਆਨ ਹੁਣ ਸਾਰਾ ਸਾਲ ਜਾਰੀ ਰਹਿਣਾ ਚਾਹੀਦਾ ਹੈ, ਇਹ ਕੋਸ਼ਿਸ਼ ਰਮਜ਼ਾਨ ਦੇ ਨਾਲ ਖ਼ਤਮ ਨਹੀਂ ਹੋਣੀ ਚਾਹੀਦੀ ਬਲਕਿ ਸਾਰਾ ਸਾਲ ਜਾਰੀ ਰਹਿਣੀ ਚਾਹੀਦੀ ਹੈ। ਜਦ ਇਹ ਕੋਸ਼ਿਸ਼ ਸਾਰਾ ਸਾਲ ਜਾਰੀ ਰਹੇਗੀ ਤਾਂ ਤਦ ਹੀ ਅਸੀਂ ਉਸ ਮਕ਼ਸਦ ਨੂੰ ਪਾਉਣ ਵਾਲੇ ਹੋ ਸਕਦੇ ਹਾਂ ਜਿਹੜਾ ਸਾਡੀ ਪੈਦਾਇਸ਼ ਦਾ ਹਕ਼ੀਕ਼ੀ ਮਕ਼ਸਦ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਜੇਕਰ ਦੁਨਿਆਦਾਰਾਂ ਦੇ ਵਾਂਗ ਰਹੋਗੇ ਤਾਂ ਇਸ ਨਾਲ ਕੁੱਝ ਫ਼ਾਇਦਾ ਨਹੀਂ ਹੋਵੇਗਾ। ਤੁਸੀਂ ਮੇਰੇ ਹੱਥ 'ਤੇ ਤੌਬਾ ਕੀਤੀ ਹੈ, ਮੇਰੇ ਹੱਥ 'ਤੇ ਤੌਬਾ ਕਰਨਾ ਇੱਕ ਮੌਤ ਨੂੰ ਚਾਹੁੰਦਾ ਹੈ ਤਾਂ ਜੋ ਤੁਸੀਂ ਨਵੀਂ ਜ਼ਿੰਦਗੀ ਵਿੱਚ ਇੱਕ ਹੋਰ ਪੈਦਾਇਸ਼ ਹਾਸਿਲ ਕਰੋ। ਬੈਅਤ ਜੇਕਰ ਦਿਲ ਤੋਂ ਨਹੀਂ ਤਾਂ ਕੋਈ ਨਤੀਜਾ ਉਸਦਾ ਨਹੀਂ, ਮੇਰੀ ਬੈਅਤ ਨਾਲ ਖ਼ੁਦਾ ਦਿਲ ਦਾ ਇਕ਼ਰਾਰ ਚਾਹੁੰਦਾ ਹੈ। ਬਸ ਜਿਹੜਾ ਸੱਚੇ ਦਿਲ ਨਾਲ ਮੈਨੂੰ ਕ਼ਬੂਲ ਕਰਦਾ ਹੈ, ਆਪਣੇ ਗੁਨਾਹਾਂ ਤੋਂ ਸੱਚੀ ਤੌਬਾ ਕਰਦਾ ਹੈ। ਗ਼ਫ਼ੂਰ ਅਤੇ ਰਹੀਮ ਖ਼ੁਦਾ ਉਸਦੇ ਗੁਨਾਹਾਂ ਨੂੰ ਜ਼ਰੂਰ ਬਖ਼ਸ਼ ਦਿੰਦਾ ਹੈ ਅਤੇ ਉਹ ਅਜਿਹਾ ਹੋ ਜਾਂਦਾ ਹੈ ਜਿਵੇਂ ਮਾਂ ਦੇ ਢਿੱਡ 'ਚੋਂ ਨਿਕਲਿਆ ਹੈ। ਤਦ ਫ਼ਰਿਸ਼ਤੇ ਉਸਦੀ ਹਿਫ਼ਾਜ਼ਤ ਕਰਦੇ ਹਨ। ਜੇਕਰ ਇੱਕ ਪਿੰਡ ਵਿੱਚ ਇੱਕ ਨੇਕ ਆਦਮੀ ਹੋਵੇ ਤਾਂ ਅੱਲਾਹ ਤਆਲਾ ਉਸ ਨੇਕ ਦੀ ਰਿਆਇਤ ਅਤੇ ਖ਼ਾਤਿਰ ਨਾਲ ਉਸ ਪਿੰਡ ਨੂੰ ਤਬਾਹੀ ਤੋਂ ਮਹਿਫ਼ੂਜ਼ ਕਰ ਲੈਂਦਾ ਹੈ। ਪਰ ਜੇਕਰ ਤਬਾਹੀ ਆਉਂਦੀ ਹੈ ਤਾਂ ਫਿਰ ਸਭ 'ਤੇ ਪੈਂਦੀ ਹੈ ਪਰ ਫਿਰ ਵੀ ਉਹ ਆਪਣੇ ਬੰਦਿਆਂ ਨੂੰ ਕਿਸੇ ਨਾ ਕਿਸੇ ਤਰੀਕ਼ੇ ਬਚਾ ਲੈਂਦਾ ਹੈ।

ਹਜ਼ੂਰ ਅਨਵਰ ਨੇ ਖ਼ੁਤਬੇ ਦੇ ਆਖ਼ਿਰ ਵਿੱਚ ਫ਼ਰਮਾਇਆ ਕਿ ਬਸ ਅੱਜ ਕੱਲ ਜਿਹੜੇ ਦੁਨਿਆ ਦੇ ਹਾਲਾਤ ਹਨ ਉਹਨਾਂ ਵਿੱਚ ਅਸੀਂ ਖ਼ਾਸ ਤੌਰ 'ਤੇ ਜਿੱਥੇ ਆਪਣੇ ਆਪ ਨੂੰ, ਆਪਣੀਆਂ ਨਸਲਾਂ ਨੂੰ ਅਤੇ ਦੁਨਿਆ ਨੂੰ ਬਚਾਉਣ ਦੇ ਲਈ ਕੋਸ਼ਿਸ਼ ਕਰੀਏ ਅਤੇ ਤੌਹੀਦ ਨੂੰ ਦੁਨਿਆ ਵਿੱਚ ਕ਼ਾਇਮ ਕਰਨ ਦੇ ਲਈ ਕੋਸ਼ਿਸ਼ ਕਰੀਏ, ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਝੰਡੇ ਦੇ ਥੱਲੇ ਲਿਆਉਣ ਦੀ ਕੋਸ਼ਿਸ਼ ਕਰੀਏ ਉਥੇ ਇਸਦੇ ਲਈ ਸਾਨੂੰ ਆਪਣੇ ਆਪ ਵਿੱਚ ਇੱਕ ਖ਼ਾਸ ਤਬਦੀਲੀ

ਪੱਕੇ ਤੌਰ ਤੇ ਪੈਦਾ ਕਰਨੀ ਹੋਵੇਗੀ ਅਤੇ ਹਮੇਸ਼ਾ ਦੁਆਵਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਹੋਵੇਗਾ ਤਾਂ ਜੋ ਅਸੀਂ ਆਪਣੇ ਆਪ ਨੂੰ ਵੀ ਮਹਿਫ਼ੂਜ਼ ਕਰ ਸਕੀਏ ਅਤੇ ਦੁਨਿਆ ਨੂੰ ਵੀ ਮਹਿਫ਼ੂਜ਼ ਰੱਖ ਸਕੀਏ ਕਿਉਂਕਿ ਦੁਨਿਆ ਬੜੀ ਤੇਜ਼ੀ ਨਾਲ਼ ਤਬਾਹੀ ਦੇ ਵੱਲ ਜਾ ਰਹੀ ਹੈ ਅਤੇ ਅੱਲਾਹ ਤਆਲਾ ਚਾਹੇ ਤਾਂ ਦੁਨਿਆ ਦੇ ਸੁਧਾਰ ਦੇ ਲਈ ਸਮਾਨ ਪੈਦਾ ਕਰ ਸਕਦਾ ਹੈ ਉਹਨਾਂ ਦੇ ਦਿਲਾਂ ਨੂੰ ਫੇਰ ਦੇਵੇ ਅਤੇ ਇਸ ਤਬਾਹੀ ਤੋਂ ਉਹ ਬਚ ਸਕਣ ਅਤੇ ਤਬਾਹੀ ਆਉਣੀ ਵੀ ਹੈ ਤਾਂ ਅੱਲਾਹ ਤਆਲਾ ਫਿਰ ਮੋਮਨਾ ਨੂੰ, ਇਮਾਨ ਵਾਲਿਆਂ ਨੂੰ ਇਸ ਤੋਂ ਬਚਾਵੇ ਅਤੇ ਇਸ ਦੇ ਬਚਣ ਦੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਕਰਮਾਂ ਨੂੰ ਇਸ ਤਰੀਕੇ ਨਾਲ਼ ਢਾਲੀਏ, ਇਸ ਤਰੀਕ਼ੇ ਨਾਲ਼ ਅਦਾ ਕਰੀਏ ਕਿ ਅੱਲਾਹ ਤਆਲਾ ਦਾ ਫ਼ਜ਼ਲ ਸਾਡੇ 'ਤੇ ਹਮੇਸ਼ਾ ਰਹੇ। ਖ਼ੁਦਾ ਕਰੇ ਕਿ ਅਸੀਂ ਇਸ ਗੱਲ ਦਾ ਹਕ਼ੀਕ਼ੀ ਗਿਆਨ ਵੀ ਹਾਸਿਲ ਕਰਨ ਵਾਲ਼ੇ ਹੋਈਏ ਕਿ ਕਿਸ ਤਰ੍ਹਾਂ ਅਸੀਂ ਆਪਣੀਆਂ ਇਬਾਦਤਾਂ ਨੂੰ ਜਿਉਂਦਾ ਰੱਖਣਾ ਹੈ ਅਤੇ ਕਿਸ ਤਰ੍ਹਾਂ ਅਸੀਂ ਅੱਲਾਹ ਤਆਲਾ ਨਾਲ਼ ਸੰਬੰਧ ਪੈਦਾ ਕਰਨਾ ਹੈ ਅਤੇ ਕਿਸ ਤਰ੍ਹਾਂ ਅਸੀਂ ਤਕ਼ਵਾ 'ਤੇ ਚੱਲਣਾ ਹੈ ਅਤੇ ਕਿਸ ਤਰ੍ਹਾਂ ਅਸੀਂ ਉਚੇਰੇ ਅਖ਼ਲਾਕ਼ ਦਿਖਾਉਣੇ ਹਨ ਅਤੇ ਕਿਸ ਤਰ੍ਹਾਂ ਅਸੀਂ ਤੌਹੀਦ ਨੂੰ ਦੁਨੀਆਂ ਵਿੱਚ ਕ਼ਾਇਮ ਕਰਨਾ ਹੈ ਅਤੇ ਕਿਸ ਤਰ੍ਹਾਂ ਅਸੀਂ ਦੁਨਿਆ ਨੂੰ ਤਬਾਹੀ ਤੋਂ ਬਚਾਉਣਾ ਹੈ ਅਤੇ ਕਿਸ ਤਰ੍ਹਾਂ ਆਪਣੇ ਆਪ ਨੂੰ ਦੁਨਿਆ ਦੀ ਤਬਾਹੀ ਅਤੇ ਹਮਲਿਆਂ ਤੋਂ ਬਚਾਉਣਾ ਹੈ। ਅਤੇ ਜਦ ਇਹ ਚੀਜ਼ਾਂ ਪੈਦਾ ਹੋਣਗੀਆਂ ਅਤੇ ਇਹ ਸਾਡੇ ਅੰਦਰ ਅਹਿਸਾਸ ਪੈਦਾ ਹੋਵੇਗਾ ਤਾਂ ਫਿਰ ਹੀ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੀ ਬੈਅਤ ਦਾ ਹੱਕ਼ ਵੀ ਅਦਾ ਕਰਨ ਵਾਲ਼ੇ ਹੋਵਾਂਗੇ। ਖ਼ੁਦਾ ਕਰੇ ਕਿ ਅਸੀਂ ਇਹ ਬੈਅਤ ਦਾ ਹੱਕ਼ ਅਦਾ ਕਰਨ ਵਾਲ਼ੇ ਹੋਈਏ ਅਤੇ ਇਹ ਰਮਜ਼ਾਨ ਸਾਡੇ ਲਈ ਬਰਕਤਾਂ ਦਾ ਕਾਰਨ ਬਣਨ ਵਾਲ਼ਾ ਹੋਵੇ। ਸਾਨੂੰ ਆਪਣੀਆਂ ਰਹਿਮਤਾਂ ਅਤੇ ਫ਼ਜ਼ਲਾਂ ਨਾਲ਼ ਬਰਕਤਾਂ ਨਾਲ਼ ਨਵਾਜ਼ੇ ਅਤੇ ਸਾਡੇ ਰਮਜ਼ਾਨ ਦੇ ਆਉਣ ਵਾਲ਼ੇ ਆਇੰਦਾ ਦਿਨ ਅਤੇ ਪੂਰਾ ਸਾਲ ਅਤੇ ਅਗਲੇ ਰਮਜ਼ਾਨ ਤੱਕ ਅਸੀਂ ਅੱਲਾਹ ਤਆਲਾ ਦੀ ਇਬਾਦਤ ਦਾ ਹੱਕ਼ ਅਦਾ ਕਰਨ ਵਾਲ਼ੇ ਹੋਈਏ। ਉਸਦੇ ਬੰਦਿਆਂ ਦੇ ਵੀ ਹੱਕ਼ ਅਦਾ ਕਰਨ ਵਾਲ਼ੇ ਹੋਈਏ। ਅੱਲਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ਼ ਦੇਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞